# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 09-10-2023**

- ਮਿਜ਼ੋਰਮ, ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਤੇ ਤੇਲੰਗਾਨਾ ਵਿੱਚ ਵਿਧਾਨ ਸਭਾ ਚੋਣਾਂ 7 ਤੋਂ 30 ਨਵੰਬਰ ਤੱਕ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 3 ਦਸੰਬਰ ਨੂੰ ਕੀਤੀ ਜਾਵੇਗੀ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਭਾਰਤੀ ਅਥਲੀਟਾਂ ਦੇ ਦਲ ਨਾਲ ਭਲਕੇ ਨਵੀਂ ਦਿੱਲੀ ਵਿੱਚ ਗੱਲਬਾਤ ਕਰਨਗੇ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨਗੇ।
- ਕਪੂਰਥਲਾ ਜ਼ਿਲੇ ਦੇ ਵਡਾਲਾ ਕਲਾਂ ਸਥਿਤ, ਸਰਦਾਰ ਸਵਰਨ ਸਿੰਘ ਰਾਸ਼ਟਰੀ ਜੈਵ ਊਰਜਾ ਸੰਸਥਾਨ ਵਿਖੇ, 'ਜੈਵ ਊਰਜਾ ਖੋਜ ਵਿੱਚ ਮੌਜੂਦਾ ਤਰੱਕੀ' ਵਿਸ਼ੇ 'ਤੇ, ਚੌਥੀ ਕੌਮਾਂਤਰੀ ਕਾਨਫ਼ਰੰਸ ਅੱਜ ਸ਼ੁਰੂ ਹੋਈ।
- ਕੇਂਦਰ ਸਰਕਾਰ ਦੀ ਉਡਾਣ ਸਕੀਮ ਤਹਿਤ, ਬਠਿੰਡਾ ਤੋਂ ਦਿੱਲੀ ਵਿਚਾਲੇ ਫਲਾਈਟ ਸ਼ੁਰੂ।

---

ਮਿਜ਼ੋਰਮ, ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਤੇ ਤੇਲੰਗਾਨਾ ਵਿੱਚ

ਵਿਧਾਨ ਸਭਾ ਚੋਣਾਂ 7 ਤੋਂ 30 ਨਵੰਬਰ ਤੱਕ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 3 ਦਸੰਬਰ ਨੂੰ ਹੋਵੇਗੀ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਨਵੀਂ ਦਿੱਲੀ ਵਿੱਚ ਇਸ ਸੰਬੰਧੀ ਐਲਾਨ ਕਰਦਿਆਂ ਕਿਹਾ ਕਿ ਮਿਜ਼ੋਰਮ ਵਿੱਚ 7 ਨਵੰਬਰ ਨੂੰ ਇੱਕੋ ਪੜਾਅ ਵਿੱਚ ਵੋਟਿੰਗ ਹੋਵੇਗੀ ਜਦਕਿ ਛੱਤੀਸਗੜ੍ਹ ਵਿਚ ਪਹਿਲੇ ਪੜਾਅ ਦੀ ਵੋਟਿੰਗ 7 ਨਵੰਬਰ ਅਤੇ ਦੂਜੇ ਪੜਾਅ ਦੀ 17 ਨਵੰਬਰ ਨੂੰ ਹੋਵੇਗੀ । ਮੱਧ ਪ੍ਰਦੇਸ਼ ਵਿਚ 17 ਨਵੰਬਰ, ਰਾਜਸਥਾਨ ਵਿਚ 23 ਨਵੰਬਰ ਅਤੇ ਤੇਲੰਗਾਨਾ ਵਿੱਚ 30 ਨਵੰਬਰ ਨੂੰ ਇੱਕੋ ਪੜਾਅ ਵਿੱਚ ਵੋਟਿੰਗ ਹੋਵੇਗੀ। ਰਾਜੀਵ ਕੁਮਾਰ ਨੇ ਕਿਹਾ ਕਿ ਇਨ੍ਹਾਂ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦਾ ਵਿਸ਼ੇਸ਼ ਮਹੱਤਵ ਏ ਕਿਉਂਕਿ ਇਹ ਸਾਲ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਆਖ਼ਰੀ ਵਿਧਾਨ ਸਭਾ ਚੋਣਾਂ ਹੋਣਗੀਆਂ। ਉਨ੍ਹਾਂ ਭਰੋਸਾ ਦਿਵਾਇਆ ਕਿ ਚੋਣ ਕਮਿਸ਼ਨ, ਸਾਫ਼ ਸੁਥਰੀਆਂ ਤੇ ਬੇਨਿਯਮੀਆਂ ਰਹਿਤ ਚੋਣਾਂ ਯਕੀਨੀ ਬਣਾਏਗਾ।

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਏਸ਼ੀਆਈ ਖੇਡਾਂ 2023 ਵਿੱਚ ਹਿੱਸਾ ਲੈਣ ਵਾਲੇ ਭਾਰਤੀ ਅਥਲੀਟਾਂ ਦੇ ਦਲ ਨਾਲ ਭਲਕੇ 10 ਅਕਤੂਬਰ ਨੂੰ ਨਵੀਂ ਦਿੱਲੀ ਵਿੱਚ ਗੱਲਬਾਤ ਕਰਨਗੇ ਅਤੇ ਉਨ੍ਹਾਂ ਨੂੰ ਸੰਬੋਧਨ ਕਰਨਗੇ ।

ਪ੍ਰਧਾਨ ਮੰਤਰੀ, ਏਸ਼ਿਆਈ ਖੇਡਾਂ ਵਿੱਚ ਖਿਡਾਰੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਅਥਲੀਟਾਂ ਦੀ ਸ਼ਲਾਘਾ ਕਰਦਿਆਂ, ਭਵਿੱਖ ਵਿੱਚ ਹੋਣ ਵਾਲੇ ਮੁਕਾਬਲਿਆਂ ਲਈ ਉਨ੍ਹਾਂ ਨੂੰ ਪ੍ਰੇਰਿਤ ਕਰਨਗੇ । ਭਾਰਤ ਨੇ ਏਸ਼ਿਆਈ ਖੇਡਾਂ ਵਿੱਚ 28 ਸੋਨ ਤਗ਼ਮਿਆਂ ਸਮੇਤ ਕੁੱਲ 107 ਤਗ਼ਮੇ ਜਿੱਤੇ ਨੇ । ਏਸ਼ਿਆਈ ਖੇਡਾਂ ਵਿੱਚ ਭਾਰਤ ਦਾ ਇਹ ਸਭ ਤੋਂ ਵਧੀਆ ਪ੍ਰਦਰਸ਼ਨ ਏ । ਏਸ਼ੀਆਈ ਖੇਡਾਂ ਲਈ ਭਾਰਤੀ ਦਲ ਦੇ ਖਿਡਾਰੀ, ਉਨ੍ਹਾਂ ਦੇ ਕੋਚ, ਭਾਰਤੀ ਓਲੰਪਿਕ ਸੰਘ ਦੇ ਅਧਿਕਾਰੀ ਅਤੇ ਕੌਮੀ ਖੇਡ ਫੈਡਰੇਸ਼ਨਾਂ ਦੇ ਨੁਮਾਇੰਦੇ ਵੀ, ਇਸ ਸਮਾਗਮ ਵਿੱਚ ਹਿੱਸਾ ਲੈਣਗੇ ।

---------------------------------------------------------

ਏਸ਼ੀਆਈ ਖੇਡਾਂ ਵਿਚ ਚਾਂਦੀ ਦੇ ਤਗਮੇ ਜਿੱਤਣ ਵਾਲੀ, ਪੰਜਾਬ ਦੀ ਐਥਲੀਟ ਹਰਮਿਲਨ ਬੈਂਸ ਨੇ ਸੂਬਾ ਸਰਕਾਰ ਨੂੰ ਮੈਡਲ ਜੇਤੂ ਖਿਡਾਰੀਆਂ ਦੀ ਸਨਮਾਨ ਰਕਮ ਵਧਾਉਣ ਦਾ ਸੁਝਾਵ ਦਿੱਤਾ ਏ। ਪਟਿਆਲਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਉਨਾਂ ਕਿਹਾ ਕਿ ਸਾਰੇ ਹੀ ਖਿਡਾਰੀਆਂ ਦੀ ਇਹ ਦਿੱਲੀ ਇੱਛਾ ਏ ਅਤੇ ਸੂਬਾ ਸਰਕਾਰ ਨੂੰ ਇਸ ਬਾਰੇ ਜਰੂਰ ਸੋਚਣਾ ਚਾਹੀਦਾ ਏ ।

---------------------------------------------------------

ਭਾਰਤੀ ਜਨਤਾ ਪਾਰਟੀ ਦੇ ਕੌਮੀ ਆਗੂ ਤੇ ਸਾਬਕਾ ਰਾਜ ਸਭਾ

ਮੈਂਬਰ, ਅਵਿਨਾਸ਼ ਰਾਏ ਖੰਨਾ ਨੇ ਕਿਹਾ ਏ ਕਿ ਆਉਣ ਵਾਲੀਆਂ ਚੋਣਾਂ ਵਿੱਚ ਲੋਕ BJP ਨੂੰ ਜਿਤਾ ਕੇ ਪੰਜਾਬ ਦੀ ਸੇਵਾ ਕਰਨ ਦਾ ਇਕ ਮੌਕਾ ਦੇਣ, ਤਾਂ ਜੋ ਪਾਰਟੀ ਸੂਬੇ ਦੀ ਆਰਥਿਕਤਾ ਵਿੱਚ ਆਈ ਖੜੋਤ ਨੂੰ ਦਰੁਸਤ ਕਰਕੇ, ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਦੇ ਨਾਲ, ਖੇਤੀ ਆਧਾਰਿਤ ਅਤੇ ਹੋਰ ਸਨਅਤਾਂ ਲਗਾ ਕੇ ਰੁਜ਼ਗਾਰ ਤੇ ਕਮਾਈ ਦੇ ਹੋਰ ਸਾਧਨ ਮੁੱਹਈਆ ਕਰਵਾ ਸਕੇ। ਮੋਹਾਲੀ ਦੇ ਸੈਕਟਰ 61 ਵਿਖੇ, ਇੱਕ ਇਕੱਤਰਤਾ ਦੌਰਾਨ ਉਹਨਾਂ ਕਿਹਾ ਕਿ ਪੀੜੀ ਦਰ ਪੀੜੀ ਜ਼ਮੀਨ ਵੰਡੀ ਜਾਣ ਕਾਰਨ ਹੁਣ ਪਰਿਵਾਰਾਂ ਦਾ ਗੁਜ਼ਾਰਾ ਖੇਤੀ ਨਾਲ ਨਹੀਂ ਹੋ ਸਕਦਾ ਇਸ ਲਈ ਰੋਜ਼ਗਾਰ ਦੇ ਮੌਕੇ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਖੇਤੀ ਆਧਾਰਿਤ ਸਨਅਤਾਂ ਨੂੰ ਵੱਡੀ ਤਰਜੀਹ ਦੇਣੀ ਸਮੇਂ ਦੀ ਜਰੂਰਤ ਏ ਜਿਸ ਨੂੰ BJP ਅਮਲੀ ਜਾਮਾ ਪਹਿਨਾਵੇਗੀ। ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਕੋਰੀ ਬਿਆਨਬਾਜ਼ੀ ਅਤੇ ਇਸਤਿਹਾਰਬਾਜ਼ੀ ਨਾਲ ਨਿਸ਼ਾਨੇ ਹਾਸਿਲ ਨਹੀਂ ਕੀਤੇ ਜਾ ਸਕਦੇ।

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, 17 ਸਤੰਬਰ ਨੂੰ ਸ਼ਿਲਪਕਾਰਾਂ ਤੇ ਕਾਰੀਗਰਾਂ ਲਈ ਪੀ ਐਮ ਵਿਸ਼ਵਕਰਮਾ ਯੋਜਨਾ ਦਾ ਐਲਾਨ ਕੀਤਾ ਸੀ।

18 ਰਵਾਇਤੀ ਕਾਰੀਗਰਾਂ ਅਤੇ ਕਾਮਿਆਂ ਨੂੰ ਸ਼ਾਮਲ ਕਰਨ ਵਾਲੀ, ਇਸ ਯੋਜਨਾ ਦਾ ਮੁੱਖ ਉਦੇਸ਼ ਉਤਪਾਦਾਂ ਤੇ ਸੇਵਾਵਾਂ ਨੂੰ ਸਰਵ-ਵਿਆਪਕ ਪਹੁੰਚਯੋਗ ਬਣਾਉਣਾ ਅਤੇ ਗੁਣਵੱਤਾ ਵਿੱਚ ਸੁਧਾਰ ਕਰਨਾ ਏ। ਇਸ ਤੋਂ ਇਲਾਵਾ ਇਸ ਨੂੰ ਘਰੇਲੂ ਅਤੇ ਆਲਮੀ ਕੀਮਤ ਲੜੀ ਨਾਲ ਵੀ ਜੋੜਿਆ ਜਾਵੇਗਾ। ਇਸ ਯੋਜਨਾ ਦਾ ਲਾਭ ਲੈਣ ਲਈ, ਬਿਨੈਕਾਰ ਭਾਰਤੀ ਹੋਣਾ ਚਾਹੀਦੈ, ਉਹ ਰਵਾਇਤੀ ਸ਼ਿਲਪਕਾਰ ਜਾਂ ਕਾਰੀਗਰ ਹੋਵੇ। ਉਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਏ ਅਤੇ ਬਿਨੈਕਾਰ ਨੇ PM-EGP, PM-ਸਵੈਨਿਧੀ ਅਤੇ ਮੁਦਰਾ ਯੋਜਨਾ ਦਾ ਲਾਭ ਨਾ ਲਿਆ ਹੋਵੇ। ਜੇ ਕਿਸੇ ਲਾਭਪਾਤਰੀ ਨੇ ਇਨ੍ਹਾਂ ਤਿੰਨਾਂ ਯੋਜਨਾਵਾਂ ਤਹਿਤ ਆਪਣੇ ਕਰਜ਼ੇ ਦੀ ਪੂਰੀ ਅਦਾਇਗੀ ਕਰ ਦਿੱਤੀ ਏ ਤਾਂ ਉਹ, ਵਿਸ਼ਵਕਰਮਾ ਯੋਜਨਾ ਦਾ ਲਾਭ ਲੈਣ ਦੇ ਯੋਗ ਹੋਣਗੇ। ਯੋਗ ਕਾਰੀਗਰ ਅਤੇ ਸ਼ਿਲਪਕਾਰ ਪੀਐਮ ਵਿਸ਼ਵਕਰਮਾ ਯੋਜਨਾ ਦਾ ਲਾਭ, ਆਨ-ਲਾਈਨ ਅਧਿਕਾਰਤ ਵੈਬਸਾਈਟ ’ਤੇ ਅਪਲਾਈ ਕਰਕੇ ਲੈ ਸਕਦੇ ਨੇ। ਲਾਭਪਾਤਰੀ ਲਈ ਸਭ ਤੋਂ ਪਹਿਲਾਂ ਆਪਣੇ ਮੋਬਾਇਲ ਨੰਬਰ ਤੇ ਆਧਾਰ ਕਾਰਡ ਦੀ ਮਦਦ ਨਾਲ, ਇਸ ਯੋਜਨਾ ਵਿਚ ਆਪਣੀ ਰਜਿਸਟਰੇਸ਼ਨ ਕਰਨੀ ਜ਼ਰੂਰੀ ਏ। ਯੋਜਨਾ ਦੇ ਅਧਿਕਾਰਿਤ ਪੋਰਟਲ ਵੱਲੋਂ OTP ਰਾਹੀਂ ਲਾਭਪਾਤਰੀ ਦੇ ਮੋਬਾਇਲ ਨੰਬਰ ਤੇ ਆਧਾਰ ਕਾਰਡ ਦੀ ਤਸਦੀਕ ਕੀਤੀ ਜਾਵੇਗੀ ਅਤੇ ਇਸ ਮਗਰੋਂ ਲਾਭਪਾਤਰੀ ਦੇ

ਸਾਹਮਣੇ ਵਿਸ਼ਵਕਰਮਾ ਯੋਜਨਾ ਦਾ ਰਜਿਸਟ੍ਰੇਸ਼ਨ ਨੰਬਰ ਆ ਜਾਵੇਗਾ। ਵੈਬਸਾਈਟ ਤੇ ਜਾ ਕੇ ਲਾਭਪਾਤਰੀ ਆਪਣਾ ਬਿਨੈਪੱਤਰ ਭਰ ਸਕਦਾ ਏ। ਇਸ ਲਈ ਆਧਾਰ ਕਾਰਡ, ਵੋਟਰ ਕਾਰਡ, ਮੋਬਾਇਲ ਨੰਬਰ, ਬੈਂਕ ਖਾਤੇ ਦਾ ਵੇਰਵਾ, ਆਮਦਨ ਸਰਟੀਫਿਕੇਟ, ਕਾਰੀਗਰੀ ਨਾਲ ਸਬੰਧਤ ਦਸਤਾਵੇਜ਼ ਅਤੇ ਜਾਤੀ ਸਰਟੀਫਿਕੇਟ ਅਪਲੋਡ ਕਰਨੇ ਹੋਣਗੇ। ਸਬੰਧਤ ਅਧਿਕਾਰੀਆਂ ਵੱਲੋਂ ਬਿਨੈਪੱਤਰ ਅਤੇ ਦਸਤਾਵੇਜਾਂ ਦੀ ਜਾਂਚ ਕੀਤੀ ਜਾਵੇਗੀ। ਉਸ ਤੋਂ ਬਾਅਦ ਚੁਣੇ ਗਏ ਕਾਰੀਗਰ ਤੇ ਸ਼ਿਲਪਕਾਰਾਂ ਨੂੰ, ਬਿਨਾਂ ਕਿਸੇ ਜ਼ਮਾਨਤ ਦੇ ਕਰਜ਼ਾ ਮੁੱਹਈਆ ਕੀਤਾ ਜਾਵੇਗਾ। ਯੋਜਨਾ ਦਾ ਲਾਭ ਪਰਿਵਾਰ ਦੇ ਕਿਸੇ ਇੱਕ ਮੈਂਬਰ ਤੱਕ ਸੀਮਿਤ ਹੋਵੇਗਾ। ਸਰਕਾਰੀ ਨੌਕਰੀ ਕਰਨ ਵਾਲੇ ਜਾਂ ਉਸ ਦੇ ਪਰਿਵਾਰਕ ਮੈਂਬਰ ਇਸ ਯੋਜਨਾ ਦੇ ਅਧੀਨ ਨਹੀਂ ਹੋਣਗੇ।

---------------------------------------------------------

ਕਪੂਰਥਲਾ ਜ਼ਿਲੇ ਦੇ ਵਡਾਲਾ ਕਲਾਂ ਸਥਿਤ, ਸਰਦਾਰ ਸਵਰਨ ਸਿੰਘ ਰਾਸ਼ਟਰੀ ਜੈਵ ਊਰਜਾ ਸੰਸਥਾਨ ਵਿਖੇ ‘ਜੈਵ ਊਰਜਾ ਖੋਜ ਵਿੱਚ ਮੌਜੂਦਾ ਤਰੱਕੀ’ ਵਿਸ਼ੇ ’ਤੇ ਚੌਥੀ ਕੌਮਾਂਤਰੀ ਕਾਨਫ਼ਰੰਸ ਅੱਜ ਸ਼ੁਰੂ ਹੋਈ। 12 ਅਕਤੂਬਰ ਤੱਕ ਚੱਲਣ ਵਾਲੀ, ਇਸ ਕਾਨਫ਼ਰੰਸ ਵਿੱਚ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਸਕੱਤਰ ਭੁਪਿੰਦਰ ਸਿੰਘ ਭੱਲਾ

ਮੁੱਖ ਮਹਿਮਾਨ ਵਜੋਂ ਅਤੇ ਆਈ.ਆਈ.ਟੀ. ਰੁੜਕੀ ਦੇ ਡਾਇਰੈਕਟਰ ਪ੍ਰੋ. ਕੇ. ਕੇ. ਪੰਤ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਉਦਘਾਟਨੀ ਸਮਾਗਮ ਦੌਰਾਨ ਆਪਣੇ ਵੀਡੀਓ ਸੁਨੇਹੇ ਵਿਚ ਕੇਂਦਰੀ ਰਸਾਇਣ ਤੇ ਖਾਦ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਰਾਜ ਮੰਤਰੀ ਭਗਵੰਤ ਖੂਬਾ ਨੇ ਕਿਹਾ ਕਿ ਜੈਵ ਊਰਜਾ ਖੇਤਰ ਵਿੱਚ ਇਸ ਸੰਸਥਾਨ ਦੀ ਬਹੁਤ ਖ਼ਾਸ ਭੂਮਿਕਾ ਏ। ਮੰਤਰਾਲਾ ਦੇ ਸਕੱਤਰ ਭੁਪਿੰਦਰ ਸਿੰਘ ਭੱਲਾ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਨੇ ਆਰਥਿਕ ਖੇਤਰ ਵਿੱਚ ਬੜੀ ਤੇਜ਼ੀ ਨਾਲ ਵਿਕਾਸ ਕੀਤਾ ਏ ਅਤੇ ਇਸ ਵਿੱਚ ਜੈਵ ਊਰਜਾ ਦੀ ਅਹਿਮ ਥਾਂ ਏ। ਉਨ੍ਹਾਂ ਕਿਹਾ ਕਿ ਸੰਸਥਾਨ ਵੱਲੋਂ ਆਯੋਜਿਤ ਕੀਤੀ ਜਾ ਰਹੀ ਇਸ ਕਾਨਫ਼ਰੰਸ ਦੌਰਾਨ ਜਿਹੜੇ ਖ਼ਾਸ ਨੁਕਤੇ ਸਾਹਮਣੇ ਆਉਣਗੇ ਉਨ੍ਹਾਂ ਨੂੰ ਅਮਲ ਵਿੱਚ ਲਿਆ ਕੇ ਜੈਵ ਊਰਜਾ ਦੇ ਖੇਤਰ ਵਿੱਚ ਨਵੇਂ ਮੀਲ ਪੱਥਰ ਸਥਾਪਤ ਕੀਤੇ ਜਾਣਗੇ । ਇਸ ਮੌਕੇ ਉਨਾਂ ਵੱਲੋਂ 'ਜੈਵ ਹੋ-ਜੈ ਹੋ' ਜੈਵ-ਗੀਤ ਲਾਂਚ ਕੀਤਾ ਗਿਆ ਅਤੇ ਪਰਾਲੀ ਨਾ ਸਾੜਨ ਤੇ ਇਸ ਤੋਂ ਬਾਇਓ ਊਰਜਾ ਬਣਾਉਣ ਸਬੰਧੀ ਜਾਗਰੂਕ ਕਰਨ ਲਈ ਮੋਬਾਇਲ ਵੈਨਜ਼ ਨੂੰ ਹਰੀ ਝੰਡੀ ਦਿੱਤੀ ਗਈ । ਇਹ ਮੋਬਾਇਲ ਵੈਨਜ਼ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨਗੀਆਂ।

---------------------------------------------------

ਕੇਂਦਰ ਸਰਕਾਰ ਵਲੋਂ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਲਈ ਪ੍ਰਤੀ ਸਿਲੰਡਰ ਐਲ ਪੀ ਜੀ ਸਬਸਿਡੀ 100 ਰੁਪਏ ਹੋਰ ਵਾਧਾ ਕੇ 300 ਰੁਪਏ ਕਰਨ ਦਾ ਲਾਭਪਾਤਰੀਆਂ ਨੇ ਸਵਾਗਤ ਕੀਤਾ ਏ। ਇਸ ਨੂੰ ਦੀਵਾਲੀ ਦਾ ਤੋਹਫਾ ਦੱਸਦਿਆਂ, ਲਾਭਪਾਤਰੀ ਕੇਂਦਰ ਦਾ ਧੰਨਵਾਦ ਕਰ ਰਹੇ ਨੇ।

---------------------------------------------------

ਕੇਂਦਰ ਸਰਕਾਰ ਦੀ ਉਡਾਨ ਯੋਜਨਾ ਤਹਿਤ ਬਠਿੰਡਾ ਤੋਂ ਦਿੱਲੀ ਲਈ ਫਲਾਈਟ ਅੱਜ ਤੋਂ ਸ਼ੁਰੂ ਹੋ ਗਈ ਏ। ਅਲਾਇੰਸ ਏਅਰ ਦੀ ਇਸ ਫਲਾਈਟ ਦਾ ਸ਼ੁਰੂਆਤੀ ਕਿਰਾਇਆ ਮਹਿਜ਼ ਇਕ ਹਜ਼ਾਰ 999 ਰੁਪਏ ਰੱਖਿਆ ਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਟਵੀਟ ਕਰਕੇ ਕਿਹਾ, ਕਿ ਮਾਲਵਾ ਖੇਤਰ ਦੇ ਲੋਕਾਂ ਨੂੰ ਇਸ ਦਾ ਬਹੁਤ ਫ਼ਾਇਦਾ ਹੋਵੇਗਾ ਅਤੇ ਮਾਲਵੇ ਦਾ ਖੇਤਰ ਸਿੱਧਾ ਦਿੱਲੀ ਨਾਲ ਜੁੜੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਮਾਲਵੇ ਦੇ ਲੋਕਾਂ ਦੀ ਤਰੱਕੀ ਤੇ ਖ਼ੁਸ਼ਹਾਲੀ ਦੇ ਹੋਰ ਰਸਤੇ ਖੁੱਲਣਗੇ। ਮੁਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ, ਪੰਜਾਬ ਦੇ ਹੋਰ ਵੀ ਹਵਾਈ ਅੱਡਿਆਂ ਤੋਂ ਉਡਾਣਾਂ ਸ਼ੁਰੂ ਹੋਣਗੀਆਂ। ਬਠਿੰਡਾ ਹਵਾਈ ਅੱਡੇ 'ਤੇ ਹੋਏ ਇਕ ਸਮਾਗਮ ਦੌਰਾਨ, ਪੰਜਾਬ ਦੇ ਖੇਤੀਬਾੜੀ

ਮੰਤਰੀ ਗੁਰਮੀਤ ਸਿੰਘ ਖੁਡੀਆਂ  ਅਤੇ ਜ਼ਿਲਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ।

---------------------------------------------------------

ਸੀਮਾ ਸੁਰੱਖਿਆ ਬੱਲ ਨੇ, ਅੰਮ੍ਰਿਤਸਰ ਜ਼ਿਲੇ ਦੇ ਪਿੰਡ ਪੰਜਗਰਾਈਂ ਦੇ ਬਾਹਰੀ ਇਲਾਕੇ 'ਚ ਇਕ ਡਰੋਨ ਬਰਾਮਦ ਕੀਤਾ ਏ। BSF ਦੇ ਇਕ ਬੁਲਾਰੇ ਨੇ ਜਲੰਧਰ ਵਿਚ ਦੱਸਿਆ ਕਿ ਸੂਹ ਮਿਲਣ 'ਤੇ ਜਵਾਨਾਂ ਨੇ ਪਿੰਡ ਵਿਚ ਖੋਜ ਮੁਹਿੰਮ ਚਲਾਈ, ਜਿਸ ਦੌਰਾਨ ਇਹ ਡਰੋਨ ਅੱਜ ਸਵੇਰੇ ਟੁਟੀ ਹੋਈ ਹਾਲਤ ਵਿਚ ਮਿਲਿਆ। ਮਾਮਲੇ ਦੀ ਅਗਲੇਰੀ  ਜਾਂਚ ਕੀਤੀ ਜਾ ਰਹੀ ਏ।

---------------------------------------------------------

<u>**ਆਖਿਰ 'ਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ**</u>

- ਮਿਜ਼ੋਰਮ, ਛੱਤੀਸਗੜ੍ਹ, ਮੱਧ  ਪ੍ਰਦੇਸ਼, ਰਾਜਸਥਾਨ  ਤੇ  ਤੇਲੰਗਾਨਾ ਵਿੱਚ ਵਿਧਾਨ ਸਭਾ ਚੋਣਾਂ 7 ਤੋਂ 30 ਨਵੰਬਰ ਤੱਕ ਹੋਣਗੀਆਂ ਅਤੇ ਵੋਟਾਂ ਦੀ ਗਿਣਤੀ 3 ਦਸੰਬਰ ਨੂੰ ਕੀਤੀ ਜਾਵੇਗੀ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਏਸ਼ੀਆਈ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਭਾਰਤੀ ਅਥਲੀਟਾਂ ਦੇ ਦਲ ਨਾਲ ਭਲਕੇ ਨਵੀਂ ਦਿੱਲੀ ਵਿੱਚ ਗੱਲਬਾਤ ਕਰਨਗੇ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ  ਕਰਨਗੇ।

- ਕਪੂਰਥਲਾ ਜ਼ਿਲੇ ਦੇ ਵਡਾਲਾ ਕਲਾਂ ਸਥਿਤ, ਸਰਦਾਰ ਸਵਰਨ ਸਿੰਘ ਰਾਸ਼ਟਰੀ ਜੈਵ ਊਰਜਾ ਸੰਸਥਾਨ ਵਿਖੇ, 'ਜੈਵ ਊਰਜਾ ਖੋਜ ਵਿੱਚ ਮੌਜੂਦਾ ਤਰੱਕੀ' ਵਿਸ਼ੇ 'ਤੇ, ਚੌਥੀ ਕੌਮਾਂਤਰੀ ਕਾਨਫ਼ਰੰਸ ਅੱਜ ਸ਼ੁਰੂ ਹੋਈ।
- ਕੇਂਦਰ ਸਰਕਾਰ ਦੀ ਉਡਾਣ ਸਕੀਮ ਤਹਿਤ, ਬਠਿੰਡਾ ਤੋਂ ਦਿੱਲੀ ਵਿਚਾਲੇ ਫਲਾਈਟ ਸ਼ੁਰੂ।

**ਇਸਦੇ ਨਾਲ ਹੀ ਪ੍ਰਦੇਸ਼ਕ ਖ਼ਬਰਾਂ ਖਤਮ ਹੋਈਆਂ, ਨਮਸਕਾਰ !**